ਮਿੱਠੇ ਬੱਚੇ:- "ਮਿੱਠੇ ਬੱਚੇ ਹੁਣ ਤੁਹਾਡੀ ਸਭ ਆਸ਼ਾਵਾਂ ਪੂਰੀਆਂ ਹੁੰਦੀਆਂ ਹਨ, ਢਿੱਡ ਭਰ ਜਾਂਦਾ ਹੈ, ਬਾਪ ਆਏ ਹਨ ਤੁਹਾਨੂੰ ਤ੍ਰਿਪਤ ਆਤਮਾ ਬਣਾਉਣ"

ਪ੍ਰਸ਼ਨ:- ਹੁਣ ਤੁਸੀਂ ਬੱਚੇ ਭਗਤੀ ਤਾਂ ਨਹੀਂ ਕਰਦੇ ਹੋ ਪਰ ਭਗਤ ਜਰੂਰ ਹੋ - ਕਿਵੇਂ?

ਉੱਤਰ:- ਜਦੋਂ ਤੱਕ ਦੇਹ - ਅਭਿਮਾਨ ਹੈ ਉਦੋਂ ਤੱਕ ਭਗਤ ਹੋ। ਤੁਸੀਂ ਗਿਆਨੀ ਬਣਨ ਦੇ ਲਈ ਪੜ੍ਹ ਰਹੇ ਹੋ। ਜਦ ਇਮਤਿਹਾਨ ਪਾਸ ਕਰੋਗੇ, ਕਰਮਾਤੀਤ ਬਣ ਜਾਓਗੇ ਤਾਂ ਸੰਪੂਰਨ ਗਿਆਨੀ ਕਹਾਂਗੇ। ਫਿਰ ਪੜ੍ਹਨ ਦੀ ਲੋੜ ਨਹੀਂ।

ਓਮ ਸ਼ਾਂਤੀ। ਭਗਤ ਅਤੇ ਰੱਬ ਦੋਨੋ ਚੀਜ਼ਾਂ ਹਨ ਨਾ। ਬੱਚੇ ਅਤੇ ਬਾਪ। ਭਗਤ ਤਾਂ ਢੇਰ ਦੇ ਢੇਰ ਹਨ। ਰੱਬ ਹੈ ਇੱਕ। ਤੁਸੀਂ ਬੱਚਿਆਂ ਨੂੰ ਬਹੁਤ ਸਹਿਜ ਗੱਲ ਲੱਗਦੀ ਹੈ। ਆਤਮਾਵਾਂ ਸ਼ਰੀਰ ਦੁਆਰਾ ਭਗਤੀ ਕਰਦੀਆਂ ਹਨ, ਕਿਓਂ? ਰੱਬ ਬਾਪ ਨਾਲ ਮਿਲਣ ਦੇ ਲਈ। ਤੁਸੀਂ ਭਗਤ ਹੁਣ ਡਰਾਮੇ ਨੂੰ ਸਮਝ ਗਏ ਹੋ। ਜਦੋਂ ਪੂਰਾ ਗਿਆਨੀ ਬਣ ਜਾਵਾਂਗੇ ਤਾਂ ਇੱਥੇ ਨਹੀਂ ਰਹੋਗੇ। ਸਕੂਲ ਵਿੱਚ ਪੜ੍ਹਦੇ ਹਨ, ਇਮਤਿਹਾਨ ਪਾਸ ਕੀਤਾ ਤਾਂ ਦੂਜੇ ਦਰਜੇ ਵਿੱਚ ਚਲੇ ਜਾਣਗੇ। ਹੁਣ ਤੁਹਾਨੂੰ ਰੱਬ ਪੜ੍ਹਾ ਰਹੇ ਹਨ। ਗਿਆਨੀ ਨੂੰ ਤਾਂ ਪੜ੍ਹਾਈ ਦੀ ਲੋੜ ਨਹੀਂ ਰਹਿੰਦੀ। ਭਗਤਾਂ ਨੂੰ ਰੱਬ ਪੜ੍ਹਾ ਰਹੇ ਹਨ। ਤੁਸੀਂ ਜਾਣਦੇ ਹੋ ਅਸੀਂ ਆਤਮਾ ਭਗਤੀ ਕਰਦੇ ਸੀ। ਹੁਣ ਭਗਤੀ ਤੋਂ ਨਿਕਲ ਗਿਆਨ ਵਿੱਚ ਕਿਵੇਂ ਜਾਈਏ - ਇਹ ਬਾਪ ਕਿਵੇਂ ਸਿਖਾਉਂਦੇ ਹਨ। ਹੁਣ ਭਗਤੀ ਕਰਦੇ ਨਹੀਂ ਹੋ ਪਰ ਦੇਹ - ਅਭਿਮਾਨ ਵਿੱਚ ਤਾਂ ਆ ਜਾਂਦੇ ਹੋ ਨਾ। ਇਹ ਵੀ ਤੁਸੀਂ ਸਮਝਦੇ ਹੋ, ਉਹ ਭਗਤ ਲੋਕ ਤਾਂ ਰੱਬ ਨੂੰ ਵੀ ਨਹੀਂ ਜਾਣਦੇ। ਆਪੇ ਕਹਿੰਦੇ ਹਨ ਅਸੀਂ ਨਹੀਂ ਜਾਣਦੇ। ਨੰਬਰਵਨ ਜੋ ਭਗਤ ਹਨ, ਉਨ੍ਹਾਂਨੂੰ ਵੀ ਬਾਪ ਪੁੱਛਦੇ ਹਨ ਤੁਸੀਂ ਜਿਸ ਭਗਵਾਨ ਦੇ ਭਗਤ ਸੀ, ਉਨ੍ਹਾਂ ਨੂੰ ਜਾਣਦੇ ਸੀ? ਅਸਲ ਵਿੱਚ ਰੱਬ ਵੀ ਇਕ ਹੋਣਾ ਚਾਹੀਦਾ ਹੈ। ਇੱਥੇ ਤਾਂ ਅਨੇਕ ਰੱਬ ਹੋ ਗਏ ਹਨ। ਆਪਣੇ ਨੂੰ ਰੱਬ ਕਹਿੰਦੇ ਰਹਿੰਦੇ ਹਨ। ਇਸ ਨੂੰ ਕਿਹਾ ਜਾਂਦਾ ਹੈ ਅਗਿਆਨ। ਭਗਤੀ ਵਿੱਚ ਘੋਰ ਹਨੇਰਾ ਹੈ। ਉਹ ਹੈ ਹੀ ਭਗਤੀ ਮਾਰਗ। ਭਗਤ ਲੋਕ ਗਾਉਂਦੇ ਹਨ ਗਿਆਨ ਅੰਜਨ ਸਤਿਗੁਰੂ ਦਿੱਤਾ। ਅਗਿਆਨ ਹਨ੍ਹੇਰ ਵਿਨਾਸ਼। ਗਿਆਨ ਅੰਜਨ ਗੁਰੂ ਲੋਕ ਨਹੀਂ ਦੇ ਸਕਦੇ। ਗੁਰੂ ਤਾਂ ਢੇਰ ਹਨ। ਤੁਸੀਂ ਬੱਚੇ ਜਾਣਦੇ ਹੋ ਭਗਤੀ ਵਿੱਚ ਕੀ - ਕੀ ਕਰਦੇ ਸੀ, ਕਿਸ ਨੂੰ ਯਾਦ ਕਰਦੇ ਸੀ, ਕਿਸ ਨੂੰ ਪੂਜਦੇ ਸੀ। ਉਹ ਭਗਤੀ ਦਾ ਹਨੇਰਾ ਹੁਣ ਤੁਹਾਡਾ ਛੁੱਟ ਗਿਆ ਕਿਓਂਕਿ ਬਾਪ ਨੂੰ ਜਾਣ ਲੀਤਾ। ਬਾਪ ਨੇ ਪਰਿਚੈ ਦਿੱਤਾ ਹੈ - ਮਿੱਠੇ - ਮਿੱਠੇ ਬੱਚੇ, ਤੁਸੀਂ ਆਤਮਾ ਹੋ। ਤੁਸੀਂ ਇਸ ਸ਼ਰੀਰ ਦੇ ਨਾਲ ਪਾਰ੍ਹ ਵਜਾਇਆ ਹੈ। ਤੁਹਾਡਾ ਹੈ ਬੇਹੱਦ ਦਾ ਗਿਆਨ। ਬੇਹੱਦ ਦਾ ਪਾਰ੍ਹ ਵਜਾਉਂਦੇ ਰਹਿੰਦੇ ਹੋ। ਤੁਸੀਂ ਹੱਦ ਤੋਂ ਨਿਕਲ ਹੁਣ ਬੇਹੱਦ ਵਿੱਚ ਚਲੇ ਗਏ ਹੋ। ਇਹ ਦੁਨੀਆਂ ਵੀ ਵੱਧਦੇ - ਵੱਧਦੇ ਕਿੰਨੀ ਬੇਹੱਦ ਵਿੱਚ ਚਲੀ ਗਈ ਹੈ। ਫਿਰ ਜਰੂਰ ਹੱਦ ਵਿੱਚ ਆਏਗੀ। ਹੱਦ ਤੋਂ ਬੇਹੱਦ ਵਿੱਚ, ਬੇਹੱਦ ਤੋਂ ਹੱਦ ਵਿੱਚ ਕਿਵੇਂ ਆਉਂਦੇ ਹਨ - ਹੁਣ ਤੁਸੀਂ ਬੱਚਿਆਂ ਨੂੰ ਪਤਾ ਚਲਦਾ ਹੈ। ਆਤਮਾ ਛੋਟੀ ਸਟਾਰ ਮਿਸਲ ਹੈ, ਇਹ ਤਾਂ ਸਮਝਦੇ ਹਨ ਫਿਰ ਵੀ ਇੰਨਾ ਵੱਡਾ ਲਿੰਗ ਬਣਾ ਦਿੰਦੇ ਹਨ। ਉਹ ਵੀ ਕੀ ਕਰਨ ਕਿਓਂਕਿ ਛੋਟੇ ਜਿਹੇ ਬਿੰਦੂ ਦੀ ਪੂਜਾ ਤਾਂ ਕਰ ਨਹੀਂ ਸਕਦੇ। ਕਹਿੰਦੇ ਹਨ ਭ੍ਰਕੁਟੀ ਵਿੱਚ ਚਮਕਦਾ ਸਿਤਾਰਾ ਹੈ। ਹੁਣ ਇਸ ਸਿਤਾਰੇ ਦੀ ਭਗਤੀ ਕਿਵੇਂ ਕਰੀਏ? ਭਗਵਾਨ ਦਾ ਤਾਂ ਕਿਸੇ ਨੂੰ ਪਤਾ ਨਹੀਂ ਹੈ। ਆਤਮਾ ਦਾ ਪਤਾ ਹੈ। ਆਤਮਾ ਭ੍ਰਕੁਟੀ ਦੇ ਵਿਚਕਾਰ ਰਹਿੰਦੀ ਹੈ। ਬਸ। ਇਹ ਬੁੱਧੀ ਵਿੱਚ ਨਹੀਂ ਆਉਂਦਾ ਕਿ ਆਤਮਾ ਹੀ ਸ਼ਰੀਰ ਲੈ ਪਾਰ੍ਹ ਵਜਾਉਂਦੀ ਹੈ। ਪਹਿਲਾਂ - ਪਹਿਲਾਂ ਤੁਸੀਂ ਹੀ ਪੂਜਾ ਕਰਦੇ ਸੀ। ਵੱਡੇ - ਵੱਡੇ ਲਿੰਗ ਬਣਾਉਂਦੇ ਹਨ। ਰਾਵਣ ਦਾ ਵੀ ਦਿਨ - ਪ੍ਰਤੀਦਿਨ ਵੱਡਾ ਚਿੱਤਰ ਬਣਾਉਂਦੇ ਹਨ, ਛੋਟਾ ਰਾਵਣ ਤਾਂ ਬਣਾ ਨਹੀਂ ਸਕਦੇ। ਮਨੁੱਖ ਤਾਂ ਛੋਟਾ ਹੁੰਦਾ ਹੈ ਫਿਰ ਵੱਡਾ ਹੁੰਦਾ ਹੈ। ਰਾਵਣ ਨੂੰ ਕਦੀ ਛੋਟਾ ਨਹੀਂ ਵਿਖਾਉਂਦੇ ਹਨ, ਉਹ ਤਾਂ ਛੋਟਾ - ਵੱਡਾ ਹੁੰਦਾ ਨਹੀਂ। ਉਹ ਕੋਈ ਸਥੂਲ ਚੀਜ਼ ਨਹੀਂ। ਰਾਵਣ 5 ਵਿਕਾਰਾਂ ਨੂੰ ਕਿਹਾ ਜਾਂਦਾ ਹੈ। 5 ਵਿਕਾਰਾਂ ਦਾ ਵਾਧਾ ਹੁੰਦਾ ਜਾਂਦਾ ਹੈ ਕਿਓਂਕਿ ਤਮੋਪ੍ਰਧਾਨ ਬਣਦੇ ਜਾਂਦੇ ਹਨ। ਅੱਗੇ ਦੇਹ - ਅਭਿਮਾਨ ਇੰਨਾ ਨਹੀਂ ਸੀ, ਫਿਰ ਵੱਧਦਾ ਗਿਆ ਹੈ। ਇੱਕ ਦੀ ਪੂਜਾ ਕੀਤੀ ਫਿਰ ਦੂਜੇ ਦੀ ਪੂਜਾ ਕੀਤੀ। ਇਵੇਂ ਵਾਧੇ ਨੂੰ ਪਾਉਂਦੇ ਗਏ। ਆਤਮਾ ਤਮੋਪ੍ਰਧਾਨ ਕਦੋਂ ਬਣ ਗਈ ਹੈ। ਦੁਨੀਆਂ ਵਿੱਚ ਹੋਰ ਕੋਈ ਮਨੁੱਖ ਨਹੀਂ ਹੋਵੇਗਾ ਜਿਸ ਦੀ ਇਹ ਬੁੱਧੀ ਵਿੱਚ ਹੋਵੇ ਕਿ ਸਤੋਪ੍ਰਧਾਨ ਕਦੋਂ ਬਣਦੇ ਹਨ? ਫੇਰ ਤਮੋਪ੍ਰਧਾਨ ਕਦੋਂ ਬਣਦੇ ਹਨ? ਇਨ੍ਹਾਂ ਗੱਲਾਂ ਤੋਂ ਮਨੁੱਖ ਬਿਲਕੁਲ ਅਨਜਾਣ ਹਨ। ਨਾਲੇਜ ਕੋਈ ਡਿਫਿਕਲਟ ਨਹੀਂ ਹੈ। ਬਾਪ ਆਕੇ ਬਿਲਕੁਲ ਸਹਿਜ ਨਾਲੇਜ ਸੁਣਾਉਂਦੇ ਹਨ, ਪੜ੍ਹਾਉਂਦੇ ਹਨ। ਫਿਰ ਵੀ ਸਾਰੀ ਪੜ੍ਹਾਈ ਦਾ ਤੱਤ ਰਹਿ ਜਾਂਦਾ ਹੈ - ਅਸੀਂ ਆਤਮਾ ਬਾਪ ਦੇ ਬੱਚੇ ਹਾਂ, ਬਾਪ ਨੂੰ ਯਾਦ ਕਰਨਾ ਹੈ।

ਇਹ ਵੀ ਗਾਇਨ ਹੈ - ਕੋਟਾਂ ਵਿੱਚ ਕੋਈ, ਕਿੰਨੇ ਥੋੜੇ ਨਿਕਲਦੇ ਹਨ। ਕੋਟਾਂ ਵਿੱਚੋਂ ਕੋਈ ਹੀ ਅਸਲ ਰੀਤੀ ਜਾਣਦੇ ਹਨ। ਕਿਸ ਨੂੰ? ਬਾਪ ਨੂੰ। ਕਹਿਣਗੇ, ਬਾਪ ਕਦੀ ਅਜਿਹਾ ਹੁੰਦਾ ਹੈ ਕੀ? ਆਪਣੇ ਬਾਪ ਨੂੰ ਤਾਂ ਸਾਰੇ ਜਾਣਦੇ ਹਨ। ਬਾਪ ਨੂੰ ਕਿਓਂ ਭੁੱਲ ਗਏ ਹੋ? ਇਸਦਾ ਨਾਮ ਹੀ ਹੈ ਭੁੱਲ - ਭੁਲਈਆ ਦਾ ਖੇਡ। ਇੱਕ ਹੁੰਦਾ ਹੈ ਹੱਦ ਦਾ ਬਾਪ, ਦੂਜਾ ਹੁੰਦਾ ਹੈ ਬੇਹੱਦ ਦਾ ਬਾਪ। ਦੋ ਬਾਪ ਤੋਂ ਵਰਸਾ ਮਿਲਦਾ ਹੈ। ਹੱਦ ਦੇ ਬਾਪ ਤੋਂ ਥੋੜਾ ਵਰਸਾ ਮਿਲਦਾ ਹੈ। ਦਿਨ - ਪ੍ਰਤੀਦਿਨ ਬਿਲਕੁਲ ਥੋੜਾ ਹੁੰਦਾ ਜਾਂਦਾ ਹੈ। ਜਿਵੇਂ ਕਿ ਕੁਝ ਵੀ ਹੈ ਨਹੀਂ। ਜੱਦ ਤੱਕ ਬੇਹੱਦ ਦਾ ਬਾਪ ਨਾ ਆਵੇ ਤਾਂ ਪੇਟ ਹੀ ਨਾ ਭਰੇ। ਪੇਟ ਹੀ ਸਾਰਾ ਖਾਲੀ ਹੋ ਜਾਂਦਾ ਹੈ, ਬਾਪ ਆਕੇ ਪੇਟ ਭਰਦੇ ਹਨ। ਹਰ ਗਲੱ ਵਿੱਚ ਪੇਟ ਇਵੇਂ ਭਰ ਦਿੰਦੇ ਹਨ ਜੋ ਤੁਸੀਂ ਬੱਚਿਆਂ ਨੂੰ ਕਿਸੇ ਚੀਜ਼ ਦੀ ਲੋੜ ਹੀ ਨਹੀਂ। ਸਭ ਆਸ਼ਾਵਾਂ ਪੂਰੀ ਕਰ ਦਿੰਦੇ ਹਨ। ਤ੍ਰਿਪਤ ਆਤਮਾ ਹੋ ਜਾਂਦੀ ਹੈ। ਜਿਵੇਂ ਬ੍ਰਾਹਮਣਾ ਨੂੰ ਖਵਾਉਂਦੇ ਹਨ ਤਾਂ ਆਤਮਾ ਤ੍ਰਿਪਤ ਹੋ ਜਾਂਦੀ ਹੈ। ਇਹ ਹੈ ਬੇਹੱਦ ਦੀ ਤ੍ਰਿਪਤੀ। ਫਰਕ ਵੇਖੋ ਕਿੰਨਾ ਹੈ।

ਆਤਮਾ ਦੇ ਹੱਦ ਦੀ ਤ੍ਰਿਪਤੀ ਅਤੇ ਬੇਹੱਦ ਦੀ ਤ੍ਰਿਪਤੀ ਵਿੱਚ ਫਰਕ ਵੇਖੋ ਕਿੰਨਾ ਹੈ। ਬਾਪ ਨੂੰ ਜਾਣਨ ਨਾਲ ਹੀ ਤ੍ਰਿਪਤੀ ਹੋ ਜਾਂਦੀ ਹੈ ਕਿਓਂਕਿ ਬਾਪ ਸ੍ਵਰਗ ਦਾ ਮਾਲਿਕ ਬਣਾਉਂਦੇ ਹਨ। ਤੁਸੀਂ ਜਾਣਦੇ ਹੋ ਅਸੀਂ ਬੇਹੱਦ ਬਾਪ ਦੇ ਬੱਚੇ ਹਾਂ, ਬਾਪ ਨੂੰ ਤਾਂ ਸਭ ਯਾਦ ਕਰਦੇ ਹਨ ਨਾ। ਭਾਵੇਂ ਕੋਈ - ਕੋਈ ਕਹਿੰਦੇ ਹਨ - ਇਹ ਤਾਂ ਨੇਚਰ ਹੈ, ਅਸੀਂ ਬ੍ਰਹਮ ਵਿੱਚ ਲੀਨ ਹੋ ਜਾਵਾਂਗੇ। ਬਾਪ ਨੇ ਦੱਸਿਆ ਹੈ ਕਿ ਬ੍ਰਹਮ ਵਿੱਚ ਕੋਈ ਵੀ ਲੀਨ ਨਹੀਂ ਹੁੰਦਾ। ਇਹ ਤਾਂ ਅਨਾਦਿ ਡਰਾਮਾ ਹੈ ਜੋ ਫਿਰਦਾ ਰਹਿੰਦਾ ਹੈ, ਇਸ ਵਿੱਚ ਮੁੰਝਣ ਦੀ ਬਿਲਕੁਲ ਲੋੜ ਨਹੀਂ। 4 ਯੁਗਾਂ ਦਾ ਚੱਕਰ ਫਿਰਦਾ ਰਹਿੰਦਾ ਹੈ। ਹੂਬਹੂ ਰਪੀਟ ਹੁੰਦਾ ਰਹੇਗਾ। ਬਾਪ ਇੱਕ ਹੀ ਹੈ, ਦੁਨੀਆਂ ਵੀ ਇੱਕ ਹੀ ਹੈ। ਉਹ ਲੋਕ ਕਿੰਨਾ ਮੱਥਾ ਮਾਰਦੇ ਹਨ। ਸਮਝਦੇ ਹਨ ਮੂਨ ਵਿੱਚ ਵੀ ਦੁਨੀਆਂ ਹੈ, ਸਿਤਾਰਿਆਂ ਵਿੱਚ ਵੀ ਦੁਨੀਆਂ ਹੈ। ਕਿੰਨਾ ਲੱਭਦੇ ਹਨ। ਮੂਨ ਵਿੱਚ ਵੀ ਪਲਾਟ ਲੈਣ ਦਾ ਸੋਚਦੇ ਹਨ - ਇਹ ਕਿਵੇਂ ਹੋ ਸਕਦਾ ਹੈ। ਕਿਸ ਨੂੰ ਪੈਸਾ ਦੇਣਗੇ। ਇਸ ਨੂੰ ਕਿਹਾ ਜਾਂਦਾ ਹੈ ਸਾਇੰਸ ਦਾ ਘਮੰਡ। ਬਾਕੀ ਤਾਂ ਹੈ ਕੁਝ ਵੀ ਨਹੀਂ। ਟ੍ਰਾਇਲ ਕਰਦੇ ਰਹਿੰਦੇ ਹਨ। ਇਹ ਮਾਇਆ ਦਾ ਪਾਮਪ ਹੈ ਨਾ। ਸ੍ਵਰਗ ਵਿੱਚ ਵੀ ਜਾਸਤੀ ਸ਼ੋ ਕਰਕੇ ਵਿਖਾਉਂਦੇ ਹਨ। ਸ੍ਵਰਗ ਨੂੰ ਤਾਂ ਭੁੱਲ ਹੀ ਗਏ ਹਨ। ਸ੍ਵਰਗ ਵਿੱਚ ਤਾਂ ਬੇਸ਼ੁਮਾਰ ਧਨ ਸੀ। ਇੱਕ ਮੰਦਿਰ ਤੋਂ ਹੀ ਵੇਖੋ ਕਿੰਨਾ ਧਨ ਲੈ ਗਏ। ਭਾਰਤ ਵਿੱਚ ਹੀ ਇੰਨਾ ਧਨ ਸੀ, ਬਹੁਤ ਖਜਾਨਾ ਭਰਪੂਰ ਸੀ। ਮੁਹੰਮਦ ਗਜਨਵੀ ਆਇਆ, ਲੁੱਟ ਕੇ ਲੈ ਗਿਆ। ਅੱਧਾ ਕਲਪ ਤਾਂ ਤੁਸੀਂ ਸਮਰਥ ਰਹਿੰਦੇ ਹੋ, ਚੋਰੀ ਆਦਿ ਦਾ ਕੋਈ ਨਾਮ ਨਹੀਂ ਹੁੰਦਾ। ਰਾਵਣ ਰਾਜ ਹੀ ਨਹੀਂ। ਰਾਵਣ ਰਾਜ ਸ਼ੁਰੂ ਹੋਇਆ ਅਤੇ ਚੋਰੀ ਚਕਾਰੀ, ਝਗੜੇ ਆਦਿ ਸ਼ੁਰੂ ਹੋ ਗਏ। ਰਾਵਣ ਦਾ ਨਾਮ ਲੈਂਦੇ ਹਨ। ਬਾਕੀ ਰਾਵਣ ਕੋਈ ਹੈ ਨਹੀਂ। ਵਿਕਾਰਾਂ ਦੀ ਪ੍ਰਵੇਸ਼ਤਾ ਹੋਈ। ਰਾਵਣ ਦੇ ਲਈ ਮਨੁੱਖ ਕੀ - ਕੀ ਕਰਦੇ ਹਨ। ਕਿੰਨਾ ਮਨਾਉਂਦੇ ਹਨ। ਤੁਸੀਂ ਵੀ ਦੁਸ਼ਹਿਰਾ ਮਨਾਉਂਦੇ ਸੀ, ਵੇਖਣ ਜਾਂਦੇ ਸੀ ਰਾਵਣ ਨੂੰ ਕਿਵੇਂ ਸਾੜਦੇ ਹਨ। ਫਿਰ ਸੋਨਾ ਲੁੱਟਣ ਜਾਂਦੇ ਹਨ। ਹੈ ਕੀ ਚੀਜ਼, ਹੁਣ ਵੰਡਰ ਲੱਗਦਾ ਹੈ। ਕੀ ਬਣ ਗਏ ਸੀ। ਕਿੰਨਾ ਪੂਜਾ ਆਦਿ ਕਰਦੇ ਸੀ। ਕੋਈ ਵੱਡਾ ਦਿਨ ਹੁੰਦਾ ਹੈ ਤਾਂ ਕੀ - ਕੀ ਕਰਦੇ ਰਹਿੰਦੇ ਹਨ। ਭਗਤੀ ਮਾਰਗ ਵਿੱਚ ਜਿਵੇਂ ਗੁੱਡੀਆਂ ਦਾ ਖੇਡ ਹੈ। ਉਹ ਵੀ ਕਿੰਨਾ ਸਮਾਂ ਚਲਦਾ ਹੈ, ਇਹ ਤੁਸੀਂ ਜਾਣਦੇ ਹੋ, ਸ਼ੁਰੂ ਵਿੱਚ ਇੰਨਾ ਨਹੀਂ ਕਰਦੇ ਸੀ। ਫਿਰ ਵਾਧੇ ਨੂੰ ਪਾਉਂਦੇ - ਪਾਉਂਦੇ ਹੁਣ ਵੇਖੋ ਕੀ ਹਾਲ ਹੋ ਗਿਆ ਹੈ। ਇੰਨਾ ਖਰਚਾ ਕਰ ਚਿੱਤਰ ਅਤੇ ਮੰਦਿਰ ਆਦਿ ਕਿਉਂ ਬਣਾਉਂਦੇ ਹਨ? ਇਹ ਹੈ ਵੇਸਟ ਆਫ ਮਨੀ। ਮੰਦਿਰ ਆਦਿ ਬਣਾਉਣ ਵਿੱਚ ਲੱਖਾਂ ਰੁਪਏ ਖਰਚ ਕਰਦੇ ਹਨ। ਬਾਪ ਕਿੰਨਾ ਪਿਆਰ ਨਾਲ ਬੈਠ ਸਮਝਾਉਂਦੇ ਹਨ। ਮੈਂ, ਤੁਸੀਂ ਬੱਚਿਆਂ ਨੂੰ ਬੇਸ਼ੁਮਾਰ ਧਨ ਦਿੱਤਾ, ਉਹ ਸਭ ਕਿੱਥੇ ਗੁਆਇਆ। ਰਾਵਣ ਰਾਜ ਵਿੱਚ ਤੁਸੀਂ ਕੀ ਤੋਂ ਕੀ ਬਣ ਗਏ ਹੋ। ਇਵੇਂ ਨਹੀਂ ਕਿ ਈਸ਼ਵਰ ਦੀ ਭਾਵੀ ਤੇ ਰਾਜ਼ੀ ਰਹਿਣਾ ਹੈ। ਇਹ ਕੋਈ ਈਸ਼ਵਰ ਦੀ ਭਾਵੀ ਨਹੀਂ ਹੈ, ਇਹ ਤਾਂ ਮਾਇਆ ਦੀ ਭਾਵੀ ਹੈ। ਹੁਣ ਤੁਹਾਨੂੰ ਈਸ਼ਵਰ ਦਾ ਰਾਜ - ਭਾਗ ਮਿਲਦਾ ਹੈ। ਉੱਥੇ ਤਾਂ ਦੁੱਖ ਦੀ ਕੋਈ ਗੱਲ ਹੁੰਦੀ ਨਹੀਂ। ਈਸ਼ਵਰ ਦੀ ਭਾਵੀ ਅਤੇ ਆਸੁਰੀ ਭਾਵੀ ਵਿੱਚ ਕਿੰਨਾ ਫ਼ਰਕ ਹੈ, ਇਹ ਸਮਝ ਤੁਹਾਨੂੰ ਇਸ ਵੇਲੇ ਮਿਲਦੀ ਹੈ। ਉਹ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ। ਗਿਆਨ ਇੰਜੈਕਸ਼ਨ ਕਿਸ ਨੂੰ ਲੱਗਦਾ ਹੈ, ਇਹ ਤਾਂ ਸਮਝ ਸਕਦੇ ਹਨ। ਫਲਾਣੇ ਨੂੰ ਗਿਆਨ ਦਾ ਇੰਜੈਕਸ਼ਨ ਚੰਗਾ ਲੱਗਾ ਹੈ, ਫਲਾਣੇ ਨੂੰ ਘੱਟ ਲੱਗਿਆ ਹੋਇਆ ਹੈ, ਇਨ੍ਹਾਂਨੂੰ ਬਿਲਕੁਲ ਲੱਗਾ ਹੋਇਆ ਹੀ ਨਹੀਂ ਹੈ। ਇਹ ਤਾਂ ਬਾਬਾ ਹੀ ਜਾਣਦੇ ਹਨ ਨਾ। ਸਰਵਿਸ ਤੇ ਸਾਰਾ ਮਦਾਰ ਹੈ। ਸਰਵਿਸ ਤੋਂ ਹੀ ਬਾਪ ਦੱਸਣਗੇ ਇਨ੍ਹਾਂ ਨੂੰ ਇੰਜੈਕਸ਼ਨ ਲੱਗਾ ਨਹੀਂ, ਬਿਲਕੁਲ ਸਰਵਿਸ ਕਰਨਾ ਜਾਣਦੇ ਹੀ ਨਹੀਂ। ਇਵੇਂ ਵੀ ਹੈ ਕਿਸੇ ਨੂੰ ਜਾਸਤੀ ਇੰਜੈਕਸ਼ਨ ਲੱਗਾ ਹੈ, ਕਿਸੇ ਨੂੰ ਬਿਲਕੁਲ ਨਹੀਂ।

ਕਿਹਾ ਜਾਂਦਾ ਹੈ - ਗਿਆਨ ਅੰਜਨ ਸਤਿਗੁਰੂ ਦਿੱਤਾ, ਅਗਿਆਨ ਹਨੇਹ ਵਿਨਾਸ਼। ਗਿਆਨ ਦਾ, ਸੁੱਖ ਦਾ ਸਾਗਰ ਪਰਮਪਿਤਾ ਪਰਮਾਤਮਾ ਹੈ। ਫਿਰ ਉਨ੍ਹਾਂ ਨੂੰ ਠੀਕਰ ਭੀਤਰ ਵਿੱਚ ਠੋਕ ਦਿੱਤਾ ਹੈ। ਬੱਚਿਆਂ ਨੂੰ ਕਿੰਨਾ ਨਿਸ਼ਚਾ ਹੋਣਾ ਚਾਹੀਦਾ ਹੈ। ਬੇਹੱਦ ਦਾ ਬਾਪ ਸਾਨੂੰ ਬੇਹੱਦ ਦਾ ਸੁੱਖ ਦਿੰਦੇ ਹਨ। ਗਾਉਂਦੇ ਵੀ ਹਨ ਬੇਹੱਦ ਦਾ ਬਾਬਾ ਤੁਸੀਂ ਜਦੋਂ ਆਓਗੇ ਤਾਂ ਅਸੀਂ ਤੁਹਾਡੇ ਹੀ ਬਣਾਂਗੇ। ਤੁਹਾਡੀ ਮੱਤ ਤੇ ਹੀ ਚੱਲਾਂਗੇ। ਭਗਤੀ ਵਿੱਚ ਤਾਂ ਬਾਪ ਦਾ ਪਤਾ ਹੀ ਨਹੀਂ ਰਹਿੰਦਾ ਹੈ, ਇਹ ਪਾਰ੍ਟ ਹੁਣ ਹੀ ਚਲਦਾ ਹੈ। ਹੁਣ ਹੀ ਬਾਪ ਪੜ੍ਹਾਉਂਦੇ ਹਨ। ਤੁਸੀਂ ਜਾਣਦੇ ਹੋ ਇਹ ਪੜ੍ਹਾਈ ਦਾ ਪਾਰ੍ਟ ਫਿਰ 5 ਹਜ਼ਾਰ ਵਰ੍ਹੇ ਬਾਦ ਚੱਲੇਗਾ। ਬਾਪ ਫਿਰ 5 ਹਜ਼ਾਰ ਵਰ੍ਹੇ ਬਾਦ ਆਉਣਗੇ। ਆਤਮਾਵਾਂ ਸਭ ਭਰਾ - ਭਰਾ ਹਨ ਫਿਰ ਸ਼ਰੀਰ ਧਾਰਨ ਕਰ ਪਾਰ੍ਟ ਵਜਾਉਂਦੀਆਂ ਹਨ। ਮਨੁੱਖ ਸ੍ਰਿਸ਼ਟੀ ਦਾ ਵੀ ਵਾਧਾ ਹੁੰਦਾ ਰਹਿੰਦਾ ਹੈ। ਆਤਮਾਵਾਂ ਦਾ ਵੀ ਸਟਾਕ ਹੈ ਨਾ। ਜਿੰਨਾ ਮਨੁੱਖਾਂ ਦਾ ਸਟਾਕ ਪੂਰਾ ਹੋਵੇਗਾ ਉਨ੍ਹਾਂ ਹੀ ਉੱਥੇ ਆਤਮਾਵਾਂ ਦਾ ਸਟਾਕ ਹੋਵੇਗਾ। ਐਕਟਰਸ ਇੱਕ ਵੀ ਘੱਟ ਜਿਆਦਾ ਨਹੀਂ ਹੋਵੇਗਾ। ਇਹ ਸਭ ਬੇਹੱਦ ਦੇ ਐਕਟਰਸ ਹਨ। ਇਨ੍ਹਾਂ ਨੂੰ ਅਨਾਦਿ ਪਾਰ੍ਟ ਮਿਲਿਆ ਹੋਇਆ ਹੈ। ਇਹ ਵੰਡਰਫੁਲ ਹੈ ਨਾ। ਹੁਣ ਤੁਸੀਂ ਬੱਚੇ ਕਿੰਨੇ ਸਮਝਦਾਰ ਬਣੇ ਹੋ। ਇਹ ਪੜ੍ਹਾਈ ਕਿੰਨੀ ਉੱਚੀ ਹੈ। ਤੁਹਾਨੂੰ ਪੜ੍ਹਾਉਣ ਵਾਲਾ ਆਪ ਗਿਆਨ ਦਾ ਸਾਗਰ ਬਾਪ ਹੈ, ਬਾਕੀ ਸਭ ਹਨ ਭਗਤੀ ਦੇ ਸਾਗਰ। ਜਿਵੇਂ ਭਗਤੀ ਦਾ ਮਾਨ ਹੈ, ਇਵੇਂ ਗਿਆਨ ਦਾ ਵੀ ਮਾਨ ਹੈ। ਭਗਤੀ ਵਿੱਚ ਕਿੰਨਾ ਮਨੁੱਖ ਦਾਨ - ਪੁੰਨ ਕਰਦੇ ਹਨ ਈਸ਼ਵਰ ਅਰਥ ਕਿਓਂਕਿ ਵੇਦ ਸ਼ਾਸਤਰ ਆਦਿ ਕਿੰਨੇ ਵੱਡੇ - ਵੱਡੇ ਬਣਾਉਂਦੇ ਹਨ।

ਹੁਣ ਤੁਸੀਂ ਬੱਚਿਆਂ ਨੂੰ ਭਗਤੀ ਅਤੇ ਗਿਆਨ ਦਾ ਅੰਤਰ ਮਿਲਿਆ ਹੈ। ਕਿੰਨੀ ਵਿਸ਼ਾਲ ਬੁੱਧੀ ਚਾਹੀਦੀ। ਤੁਹਾਡੀ ਕਦੀ ਕੋਈ ਵਿੱਚ ਅੱਖ ਨਹੀਂ ਜਾਵੇਗੀ। ਤੁਸੀਂ ਕਹੋਗੇ ਕੀ ਅਸੀਂ ਇਨ੍ਹਾਂ ਕਿੰਗ ਕਵੀਨ ਆਦਿ ਨੂੰ ਵੇਖੀਏ। ਉਨ੍ਹਾਂ ਨੂੰ ਕੀ ਵੇਖਣਾ ਹੈ। ਦਿਲ ਵਿੱਚ ਕੋਈ ਆਸ਼ਾ ਨਹੀਂ ਹੁੰਦੀ। ਇਹ ਸਭ ਖਤਮ ਹੋਣ ਵਾਲਾ ਹੈ। ਜਿਨ੍ਹਾਂ ਦੇ ਕੋਲ ਜੋ ਹੈ ਸਭ ਖਤਮ ਹੋ ਜਾਣਾ ਹੈ। ਪੇਟ ਤਾਂ ਉਹ ਹੀ ਦੋ ਰੋਟੀ ਮੰਗਦਾ ਹੈ ਪਰ ਇਸ ਦੇ ਲਈ ਕਿੰਨਾ ਪਾਪ ਕਰਦੇ ਹਨ। ਇਸ ਸਮੇਂ ਦੁਨੀਆਂ ਵਿੱਚ ਪਾਪ ਹੀ ਪਾਪ ਹੈ। ਪੇਟ ਪਾਪ ਬਹੁਤ ਕਰਾਉਂਦਾ ਹੈ। ਇੱਕ - ਦੂਜੇ ਦੇ ਉੱਪਰ ਝੂਠੇ ਕਲੰਕ ਲੱਗਾ ਦਿੰਦੇ ਹਨ। ਪੈਸੇ ਵੀ ਢੇਰ ਕਮਾਉਂਦੇ ਹਨ। ਕਿੰਨੇ ਪੈਸੇ ਛਿਪਾ ਲੈਂਦੇ ਹਨ। ਗੌਰਮਿੰਟ ਕੀ ਕਰ ਸਕਦੀ ਹੈ। ਪਰ ਕੋਈ ਕਿੰਨਾ ਵੀ ਛੁਪਾਏ, ਛੁਪ ਨਹੀਂ ਸਕਦਾ। ਹੁਣ ਤਾਂ ਨੈਚੁਰਲ ਕਲੈਮਿਟੀਜ਼ ਵੀ ਆਉਣੀ ਹੈ। ਬਾਕੀ ਥੋੜਾ ਸਮਾਂ ਹੈ। ਬਾਬਾ ਕਹਿੰਦੇ ਹਨ, ਸ਼ਰੀਰ ਨਿਰਵਾਹ ਅਰਥ ਕੁਝ ਵੀ ਕਰੋ, ਉਸ ਦੇ ਲਈ ਮਨਾ ਨਹੀਂ ਕਰਦੇ। ਬੱਚਿਆਂ ਨੂੰ ਖੁਸ਼ੀ ਦਾ ਪਾਰਾ ਚੜ੍ਹਿਆ ਰਹਿਣਾ ਚਾਹੀਦਾ ਹੈ।

ਬਾਪ ਅਤੇ ਵਰਸਾ ਯਾਦ ਰਹੇ। ਬਾਪ ਤਾਂ ਸਾਰੇ ਵਿਸ਼ਵ ਦਾ ਮਾਲਿਕ ਤੁਹਾਨੂੰ ਬਣਾ ਦਿੰਦੇ ਹਨ। ਧਰਤੀ ਆਸਮਾਨ ਸਭ ਆਪਣੇ ਹੋ ਜਾਂਦੇ ਹਨ। ਕੋਈ ਵੀ ਹੱਦ ਨਹੀਂ ਰਹਿੰਦੀ ਹੈ। ਬੱਚੇ ਜਾਣਦੇ ਹਨ ਅਸੀ ਹੀ ਮਾਲਿਕ ਸੀ। ਭਾਰਤ ਅਵਿਨਾਸ਼ੀ ਖੰਡ ਗਾਇਆ ਹੋਇਆ ਹੈ। ਤਾਂ ਤੁਸੀਂ ਬੱਚਿਆਂ ਨੂੰ ਬਹੁਤ ਖੁਸ਼ੀ ਰਹਿਣੀ ਚਾਹੀਦੀ ਹੈ। ਹੱਦ ਦੀ ਪੜ੍ਹਾਈ ਦੀ ਵੀ ਖੁਸ਼ੀ ਹੁੰਦੀ ਹੈ ਨਾ। ਇਹ ਤਾਂ ਬੇਹੱਦ ਦੀ ਪੜ੍ਹਾਈ ਹੈ। ਬੇਹੱਦ ਦਾ ਬਾਪ ਪੜ੍ਹਾਉਂਦੇ ਹਨ। ਇਵੇਂ ਬਾਪ ਨੂੰ ਯਾਦ ਕਰਨਾ ਚਾਹੀਦਾ ਹੈ। ਬੱਚੇ ਤਾਂ ਸਮਝ ਸਕਦੇ ਹਨ। - ਉਹ ਜਿਸਮਾਨੀ ਧੰਧਾ ਆਦਿ ਕੀ ਹੈ, ਕੁਝ ਵੀ ਨਹੀਂ। ਅਸੀਂ ਬਾਪ ਤੋਂ ਕੀ ਵਰਸਾ ਪਾਉਂਦੇ ਹਾਂ। ਕਿੰਨਾ ਰਾਤ - ਦਿਨ ਦਾ ਫਰਕ ਹੈ। ਅਸੀਂ ਤਾਂ ਜਿਸਮਾਨੀ ਧੰਧਾ ਆਦਿ ਕਰਦੇ ਵੀ ਜਾਕੇ ਸਿਰਤਾਜ ਬਣਾਂਗੇ। ਬਾਪ ਆਇਆ ਹੈ ਪੜ੍ਹਾਉਣ ਤਾਂ ਬੱਚਿਆਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ। ਉਹ ਕੰਮਕਾਜ ਵੀ ਕਰਦੇ ਰਹਿਣਾ ਹੈ। ਇਹ ਤਾਂ ਸਮਝਦੇ ਹਨ, ਇਹ ਪੁਰਾਣੀ ਦੁਨੀਆਂ ਹੈ, ਇਨ੍ਹਾਂ ਦੇ ਵਿਨਾਸ਼ ਦੇ ਲਈ ਸਭ ਤਿਆਰੀਆਂ ਹੋ ਰਹੀਆਂ ਹਨ। ਇਵੇਂ - ਇਵੇਂ ਕੰਮ ਕਰਦੇ ਹਨ ਜੋ ਡਰ ਲੱਗਦਾ ਹੈ - ਕਿੱਥੇ ਵੱਡੀ ਲੜਾਈ ਨਾ ਲੱਗ ਜਾਵੇ। ਇਹ ਸਭ ਡਰਾਮਾ ਅਨੁਸਾਰ ਹੋਣਾ ਹੀ ਹੈ। ਇਵੇਂ ਨਹੀਂ ਕਿ ਈਸ਼ਵਰ ਕਰਾਉਂਦੇ ਹਨ। ਡਰਾਮਾ ਵਿੱਚ ਨੂੰਧ ਹੈ। ਅੱਜ ਨਹੀਂ ਤਾਂ ਕਲ ਵਿਨਾਸ਼ ਜਰੂਰ ਹੋਣਾ ਹੈ। ਹੁਣ ਤੁਸੀਂ ਪੜ੍ਹ ਰਹੇ ਹੋ। ਤੁਹਾਡੇ ਲਈ ਨਵੀਂ ਦੁਨੀਆਂ ਜਰੂਰ ਚਾਹੀਦੀ ਹੈ। ਇਹ ਸਭ ਗੱਲਾਂ ਅੰਦਰ ਸਿਮਰਨ ਕਰ ਖੁਸ਼ ਹੋਣਾ ਚਾਹੀਦਾ ਹੈ। ਬਾਬਾ ਨੇ ਇਹ ਰਥ ਵੀ ਲੈ ਲਿਆ, ਇਨ੍ਹਾਂ ਨੂੰ ਤਾਂ ਕੁਝ ਵੀ ਹੈ ਨਹੀਂ। ਸਭ ਕੁਝ ਛੱਡ ਦਿੱਤਾ। ਬੇਹੱਦ ਦੀ ਬਾਦਸ਼ਾਹੀ ਮਿਲਦੀ ਹੈ ਤਾਂ ਫਿਰ ਇਹ ਕੀ ਕਰਨਗੇ। ਬਾਬਾ ਦਾ ਗੀਤ ਵੀ ਬਣਾਇਆ ਹੋਇਆ ਹੈ - ਅਲਫ਼ ਨੂੰ ਅਲਾਹ ਮਿਲਿਆ ਤਾਂ ਫਿਰ ਇਹ ਗਦਾਈ ਕੀ ਕਰਾਂਗੇ। ਘੱਟ-ਜਾਸਤੀ ਦੇ ਇੱਕ ਦਮ ਖਤਮ ਕਰ ਦਿੱਤਾ। ਸ਼ਰੀਰ ਵੀ ਬਾਬਾ ਨੂੰ ਦੇ ਦਿੱਤਾ। ਓਹ! ਅਸੀਂ ਤਾਂ ਵਿਸ਼ਵ ਦੇ ਮਾਲਿਕ ਬਣਦੇ ਹਾਂ, ਅਨੇਕ ਵਾਰ ਮਾਲਿਕ ਬਣੇ ਹਾਂ। ਕਿੰਨਾ ਸਹਿਜ ਹੈ। ਤੁਸੀਂ ਭਾਵੇਂ ਆਪਣੇ ਘਰ ਵਿੱਚ ਰਹੋ, ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਵੇਂ ਤ੍ਰਿਪਤ ਅਤੇ ਵਿਸ਼ਾਲ ਬੁੱਧੀ ਬਣਨਾ ਹੈ ਜੋ ਕਿਸੇ ਵਿੱਚ ਵੀ ਅੱਖ ਨਾ ਡੁੱਬੇ। ਦਿਲ ਵਿੱਚ ਕੋਈ ਵੀ ਆਸ਼ਾ ਨਾ ਰਹੇ ਕਿਓਂਕਿ ਇਹ ਸਭ ਵਿਨਾਸ਼ ਹੋਣਾ ਹੈ।

2. ਸ਼ਰੀਰ ਨਿਰਵਾਹ ਅਰਥ ਕਰਮ ਕਰਦੇ ਖੁਸ਼ੀ ਦਾ ਪਾਰਾ ਸਦਾ ਚੜ੍ਹਿਆ ਰਹੇ। ਬਾਪ ਅਤੇ ਵਰਸਾ ਯਾਦ ਰਹੇ। ਬੁੱਧੀ ਹੱਦ ਤੋਂ ਨਿਕਲ ਸਦਾ ਬੇਹੱਦ ਵਿੱਚ ਰਹੇ।

ਵਰਦਾਨ:- ਤੀਵਰ ਪੁਰਸ਼ਾਰਥ ਦਵਾਰਾ ਸਭ ਬੰਧਨਾਂ ਨੂੰ ਕਰਾਸ ਕਰ ਮੰਨੋਰਜ਼ਨ ਦਾ ਅਨੁਭਵ ਕਰਨ ਵਾਲੇ ਲਾਇਟ ਭਵ

ਕਈ ਬੱਚੇ ਕਹਿੰਦੇ ਹਨ ਉਵੇਂ ਤੇ ਮੈਂ ਠੀਕ ਹਾਂ ਪਰ ਇਹ ਕਾਰਨ ਹੈ ਨਾ - ਸੰਸਕਾਰਾਂ ਦਾ, ਵਿਅਕਤੀਆਂ ਦਾ, ਵਾਯੂਮੰਡਲ ਦਾ ਬੰਧਨ ਹੈ। ...ਪਰ ਕਾਰਨ ਕਿਵੇਂ ਦਾ ਵੀ ਹੋਵੇ ਤੀਵਰ ਪੁਰਸ਼ਾਰਥੀ ਸਭ ਗੱਲਾਂ ਨੂੰ ਇਵੇਂ ਕਰਾਸ ਕਰਦੇ ਹਨ ਜਿਵੇਂ ਕੁਝ ਹੈ ਹੀ ਨਹੀਂ। ਉਹ ਸਦਾ ਮਨੋਂਰਜਨ ਦਾ ਅਨੁਭਵ ਕਰਦੇ ਹਨ। ਇਵੇਂ ਦੀ ਸਥਿਤੀ ਨੂੰ ਕਿਹਾ ਜਾਂਦਾ ਹੈ ਉੱਡਦੀ ਕਲਾ ਅਤੇ ਉੱਡਦੀ ਕਲਾ ਦੀ ਨਿਸ਼ਾਨੀ ਹੈ ਡਬਲ ਲਾਇਟ। ਉਹਨਾਂ ਨੂੰ ਕਿਸੇ ਵੀ ਕਿਸਮ ਦਾ ਬੋਝ ਹਲਚਲ ਵਿੱਚ ਨਹੀਂ ਲਿਆ ਸਕਦਾ।

ਸਲੋਗਨ:- ਹਰ ਗੁਣ ਅਤੇ ਗਿਆਨ ਦੀ ਗੱਲ ਨੂੰ ਨਿਜ਼ੀ ਸੰਸਕਾਰ ਬਣਾਓ।

******